# ਸਰਬੱਤ ਖ਼ਾਲਸਾ

# Sarbat Khalsa

ਗੁਰਮਤਿ ਸਿਧਾਂਤ | ਪੰਚ-ਪ੍ਰਧਾਨੀ ਜੁਗਤਿ

੨੦ ਜੂਨ ੨੦੨੬

ਵਿਸ਼ਾ: **ਪੰਜਾਬ ਦੇ ਪਾਣੀ-ਸੰਕਟ ਦਾ ਮੁੱਦਾ ਹਰ ਕਿਸੇ ਲਈ ਪਹਿਲ ਦੇ ਅਧਾਰ 'ਤੇ ਹੋਵੇ**

ਪਿਆਰੇ ਪੰਜਾਬ ਵਾਸੀਓ!

ਸਰਬੱਤ ਖਾਲਸਾ ਜਥੇਬੰਦੀ ਵੱਲੋਂ ਸਾਰਿਆਂ ਨੂੰ ਨਿਮਰਤਾ ਸਹਿਤ ਇੱਕ ਗੰਭੀਰ ਬੇਨਤੀ ਹੈ ਕਿ ਅੱਜ ਪੰਜਾਬ ਦਾ ਪਾਣੀ-ਸੰਕਟ ਸਿਰਫ਼ ਇੱਕ ਵਾਤਾਵਰਨੀ ਮੁੱਦਾ ਨਹੀਂ, ਸਗੋਂ ਪੰਜਾਬ ਦੀ ਹੋਂਦ, ਕਿਸਾਨੀ, ਸਿਹਤ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨਾਲ ਜੁੜਿਆ ਹੋਇਆ ਜੀਵਨ-ਮੌਤ ਦਾ ਸਵਾਲ ਬਣ ਚੁੱਕਾ ਹੈ। ਪੰਜਾਬ, ਜਿਸ ਨੂੰ ਕਦੇ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਸੀ, ਅੱਜ ਧਰਤੀ ਹੇਠਲੇ ਪਾਣੀ ਦੇ ਤੇਜ਼ੀ ਨਾਲ ਘਟਣ, ਦਰਿਆਵਾਂ ਦੇ ਪ੍ਰਦੂਸ਼ਣ ਅਤੇ ਜ਼ਹਿਰੀਲੇ ਪਾਣੀ ਦੀ ਮਾਰ ਹੇਠ ਕਰਾਹ ਰਿਹਾ ਹੈ।

ਸਰਕਾਰੀ ਅਤੇ ਵਿਗਿਆਨਕ ਅੰਕੜੇ ਚੇਤਾਵਨੀ ਦੇ ਰਹੇ ਹਨ ਕਿ ਪੰਜਾਬ ਆਪਣੇ ਸਾਲਾਨਾ ਭੂ-ਜਲ ਰੀਚਾਰਜ ਤੋਂ ਕਾਫ਼ੀ ਵੱਧ ਪਾਣੀ ਕੱਢ ਰਿਹਾ ਹੈ। ਕਈ ਰਿਪੋਰਟਾਂ ਅਨੁਸਾਰ ਪੰਜਾਬ ਵਿੱਚ ਜ਼ਮੀਨੀ ਪਾਣੀ ਕੱਢਣ ਦੀ ਮਾਤਰਾ ਲਗਭਗ 156% ਤੱਕ ਪਹੁੰਚ ਚੁੱਕੀ ਹੈ। ਕੇਂਦਰੀ ਪੰਜਾਬ ਦੇ ਕਈ ਖੇਤਰਾਂ ਵਿੱਚ ਪਾਣੀ ਦਾ ਪੱਧਰ ਹਰ ਸਾਲ ਲਗਭਗ 1 ਮੀਟਰ ਜਾਂ ਇਸ ਤੋਂ ਵੱਧ ਡਿੱਗਣ ਦੀ ਚਿੰਤਾ ਜਤਾਈ ਗਈ ਹੈ। ਇਹ ਅੰਕੜੇ ਸਿਰਫ਼ ਕਾਗਜ਼ੀ ਨਹੀਂ, ਸਗੋਂ ਹਰ ਪਿੰਡ ਦੇ ਖੂਹਾਂ, ਟਿਊਬਵੈੱਲਾਂ ਅਤੇ ਘਰਾਂ ਵਿੱਚ ਮਹਿਸੂਸ ਹੋ ਰਹੀ ਹਕੀਕਤ ਹਨ।

ਇਸ ਸੰਕਟ ਦਾ ਇੱਕ ਵੱਡਾ ਕਾਰਨ ਪੰਜਾਬ ਦੀ ਮਜ਼ਬੂਰੀ ਬਣ ਚੁੱਕੀ ਫਸਲੀ ਪ੍ਰਣਾਲੀ ਵੀ ਹੈ। ਕਿਸਾਨ ਆਪਣੀ ਮਰਜ਼ੀ ਨਾਲ ਨਹੀਂ, ਸਗੋਂ ਆਰਥਿਕ ਮਜ਼ਬੂਰੀ ਕਰਕੇ ਵੱਧ ਪਾਣੀ ਮੰਗਣ ਵਾਲੀਆਂ ਫਸਲਾਂ ਵੱਲ ਧੱਕਿਆ ਗਿਆ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਆਪਣੇ ਵਾਅਦੇ ਅਨੁਸਾਰ 23 ਫਸਲਾਂ ’ਤੇ ਭਰੋਸੇਯੋਗ MSP ਅਤੇ ਪੱਕੀ ਖਰੀਦ ਯਕੀਨੀ ਬਣਾਉਣ। ਜਦੋਂ ਮੱਕੀ, ਦਾਲਾਂ, ਤੇਲਦਾਰ ਬੀਜਾਂ, ਬਾਜਰਾ ਅਤੇ ਹੋਰ ਘੱਟ ਪਾਣੀ ਵਾਲੀਆਂ ਫਸਲਾਂ ਲਈ MSP ਅਤੇ ਖਰੀਦ ਦੀ ਗਾਰੰਟੀ ਮਿਲੇਗੀ, ਉਦੋਂ ਹੀ ਕਿਸਾਨ ਨਿਡਰ ਹੋ ਕੇ ਫਸਲੀ ਵੰਨ-ਸੁਵੰਨਤਾ ਵੱਲ ਵੱਧ ਸਕੇਗਾ। ਪਾਣੀ ਬਚਾਉਣ ਦੀ ਗੱਲ ਕਿਸਾਨ ਨੂੰ ਦੋਸ਼ ਦੇ ਕੇ ਨਹੀਂ, ਸਗੋਂ ਉਸ ਨੂੰ ਆਰਥਿਕ ਸੁਰੱਖਿਆ ਦੇ ਕੇ ਕੀਤੀ ਜਾਣੀ ਚਾਹੀਦੀ ਹੈ।

ਅਸੀਂ ਸਮੂਹ ਸੰਗਤ ਨੂੰ ਅਪੀਲ ਕਰਦੇ ਹਾਂ ਕਿ ਪਾਣੀ ਦੀ ਬਰਬਾਦੀ ਰੋਕੀ ਜਾਵੇ, ਮੀਂਹ ਦੇ ਪਾਣੀ ਦੀ ਸੰਭਾਲ ਕੀਤੀ ਜਾਵੇ, ਪਿੰਡ ਪੱਧਰ ’ਤੇ ਜਲ-ਸੰਭਾਲ ਕਮੇਟੀਆਂ ਬਣਾਈਆਂ ਜਾਣ, ਰੁੱਖ ਲਗਾਏ ਤੇ ਬਚਾਏ ਜਾਣ ਅਤੇ ਪਾਣੀ ਪ੍ਰਦੂਸ਼ਿਤ ਕਰਨ ਵਾਲੀਆਂ ਫੈਕਟਰੀਆਂ ਜਾਂ ਪ੍ਰਾਜੈਕਟਾਂ ਵਿਰੁੱਧ ਇਕਜੁੱਟ ਹੋ ਕੇ ਅਵਾਜ਼ ਉਠਾਈ ਜਾਵੇ।

ਇਹ ਗੰਭੀਰ ਵਿਸ਼ਾ ਹਰ ਕਿਸੇ ਲਈ ਪਹਿਲ ਦੇ ਅਧਾਰ 'ਤੇ ਹੋਣਾ ਚਾਹੀਦਾ ਹੈ। ਪਰ ਅਫ਼ਸੋਸ, ਅਜੋਕੇ ਵੋਟ ਬੈਂਕ ਬਿਰਤਾਂਤ ਵਿੱਚ ਇਹ ਕਿਸੇ ਵੀ ਰਾਜਨੀਤਿਕ ਪਾਰਟੀ ਦੀ ਤਰਜੀਹ ਨਹੀਂ ਦਿੱਸ ਰਿਹਾ। ਪੰਜਾਬ ਵਾਸੀਆਂ ਨੂੰ ਆਪ ਹੀ ਉੱਠਣਾ ਪਵੇਗਾ ਅਤੇ ਹਰ ਗਲੀ-ਕੋਨੇ 'ਤੇ ਇਸ ਮੁੱਦੇ ਨੂੰ ਉਭਾਰਨਾ ਪਵੇਗਾ। ਇਸ ਸਭ ਵਿੱਚ 'ਪਿੰਡ ਬਚਾਓ, ਪੰਜਾਬ ਬਚਾਓ' ਵੱਲੋਂ ਪਾਣੀ-ਸੰਕਟ ਦੇ ਸੈਮੀਨਾਰ ਕਰਨ ’ਤੇ ਸਰਬੱਤ ਖ਼ਾਲਸਾ ਜਥੇਬੰਦੀ ਸਮੂਹ ਵਾਤਾਵਰਨ ਪ੍ਰੇਮੀਆਂ ਦੀ ਭਰਪੂਰ ਸ਼ਲਾਘਾ ਕਰਦੀ ਹੈ।

ਸੰਗਤ ਜੀ! ਪੂੰਜੀਵਾਦ ਅਤੇ ਰਾਜਨੀਤੀ ਦੇ ਨਾਪਾਕ ਗਠਜੋੜ ਨੂੰ ਚੁਣੌਤੀ ਦਿੱਤੇ ਬਗੈਰ ਮਸਲੇ ਦੇ ਹੱਲ ਵੱਲ ਨਹੀਂ ਵਧਿਆ ਜਾ ਸਕਦਾ। ਪੰਜਾਬੀਆਂ ਨੇ ਹਮੇਸ਼ਾਂ ਆਪਣੀ ਧਰਤੀ, ਜੰਗਲਾਂ ਅਤੇ ਪਾਣੀਆਂ ਦੀ ਰੱਖਿਆ ਲਈ ਜ਼ਬਰਦਸਤ ਹਿੰਮਤ ਦਿਖਾਈ ਹੈ। ਮੱਤੇਵਾੜਾ ਜੰਗਲ ਨੂੰ ਬਚਾਉਣ ਲਈ ਲੋਕਾਂ ਦੀ ਇਕਜੁੱਟ ਅਵਾਜ਼ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬੀ ਕੁਦਰਤ ਦੀ ਰੱਖਿਆ ਲਈ ਖੜ੍ਹ ਸਕਦੇ ਹਨ। ਇਸੇ ਤਰ੍ਹਾਂ ਜ਼ੀਰਾ ਫੈਕਟਰੀ ਦੇ ਮਾਮਲੇ ਵਿੱਚ ਲੋਕਾਂ ਨੇ ਪਾਣੀ ਅਤੇ ਮਿੱਟੀ ਦੇ ਪ੍ਰਦੂਸ਼ਣ ਵਿਰੁੱਧ ਲੰਮਾ ਸੰਘਰਸ਼ ਕੀਤਾ। ਇਹ ਸੰਘਰਸ਼ ਸਾਨੂੰ ਦੱਸਦੇ ਹਨ ਕਿ ਜੇ ਪੰਜਾਬ ਦੇ ਲੋਕ ਮੁੱਦੇ ਦੀ ਗੰਭੀਰਤਾ ਨੂੰ ਸਮਝ ਜਾਣ ਤਾਂ ਉਹ ਮਸਲੇ ਸੁਲਝਾਉਣ ਲਈ ਸਰਕਾਰਾਂ ਦੇ ਮੁਥਾਜ ਨਹੀਂ ਰਹਿਣਗੇ।

ਆਓ, ਅਸੀਂ ਸਾਰੇ ਮਿਲ ਕੇ ਪੰਜਾਬ ਦੇ ਪਾਣੀ, ਜੰਗਲਾਂ, ਖੇਤਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਰੱਖਿਆ ਲਈ ਗੁਰੂ ਸਾਹਿਬਾਨ ਦੀ ਬਖ਼ਸ਼ੀ ਹੋਈ ਸੇਵਾ, ਸਾਂਝ ਅਤੇ ਸੰਘਰਸ਼ ਦੇ ਰਾਹ ’ਤੇ ਚੱਲੀਏ। ਅੱਜ ਦੀ ਚੁੱਪ ਕੱਲ੍ਹ ਦੀ ਤਬਾਹੀ ਬਣ ਸਕਦੀ ਹੈ। ਇਸ ਲਈ ਹੁਣ ਢੁੱਕਵਾਂ ਸਮਾਂ ਹੈ: ਪੰਜਾਬ ਨੂੰ ਬਚਾਉਣ ਲਈ, ਪਾਣੀ ਨੂੰ ਬਚਾਉਣ ਲਈ ਅਤੇ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਵੱਲੋਂ ਪੰਜ ਪ੍ਰਧਾਨੀ ਕੌਂਸਲ:**

ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)